# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 31.7.2020
# ਦੀ ਕਾਰਵਾਈ

(ਮਤਾ ਨੰ: **120-123** )

ਕੋਵਿਡ-19(ਕੋਰੋਨਾ ਵਾਇਰਸ) ਇਸ ਵੇਲੇ ਪੂਰੇ ਵਿਸ਼ਵ ਵਿਚ ਫੈਲ ਚੁੱਕਿਆ ਹੈ, ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰਬਰ:SS/ACSH/2020/528, ਮਿਤੀ 13.7.2020 ਅਤੇ ਜਿਲ੍ਹਾ ਮੈਜਿਸਟਰੇਟ ਵਲੋਂ ਸ਼ਹਿਰ ਵਿਚ ਸੈਕਸ਼ਨ 144 ਅਧੀਨ 5 ਤੋਂ ਵੱਧ ਵਿਅਕਤੀਆਂ ਦੇ ਇਕੱਠ ਨਾ ਹੋਣ ਸਬੰਧੀ ਜਾਰੀ ਹਦਾਇਤਾਂ ਅਤੇ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ:PA/2020/113-120, ਮਿਤੀ 20.7.2020 ਦੀ ਰੋਸ਼ਨੀ ਵਿਚ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **31.7.2020** ਨੂੰ ਜ਼ੂਮ ਐਪ (ਆਨਲਾਇਨ ਤਰੀਕੇ) ਰਾਹੀਂ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ............... ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
6. ਸ਼੍ਰੀ ਗਿਆਨ ਚੰਦ, ਕੌਂਸਲਰ .................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.7.2020

ਮਤਾ ਨੰ: 120

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 24.7.2020 ਦੀ ਪੁਸ਼ਟੀ ਬਾਰੇ।

ਫੈਸਲਾ:

- ਮਿਤੀ 6.7.2020 ਦੀ ਮੱਦ ਨੰ: 96 ਅਤੇ 97 ਨੂੰ ਲੰਬਿਤ ਰੱਖਿਆ ਗਿਆ ਸੀ ਅਤੇ ਇਹ ਫੈਸਲਾ ਹੋਇਆ ਸੀ ਕਿ ਇਸ ਤਜ਼ਵੀਜ਼ ਬਾਬਤ ਪੂਰੀ ਡਿਟੇਲਡ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ਜਿਵੇਂ ਕਿ ਕੀ ਇਸ ਕੰਮ ਦਾ ਬਿਲ ਫਾਈਨਲ ਹੋ ਚੁੱਕਾ ਹੈ ਆਦਿ । ਮੇਅਰ ਜੀ ਵਲੋਂ ਦੱਸਿਆ ਗਿਆ ਸੀ ਕਿ ਇਹਨਾਂ ਦੋਵੇਂ ਕੰਮਾਂ ਦੇ ਬਿਲ ਉਹਨਾਂ ਪਾਸ ਆ ਚੁੱਕੇ ਹਨ ਜਿਹੜੇ ਕਿ ਪੜ੍ਹਣ ਯੋਗ ਨਹੀਂ ਹਨ, ਇਸ ਲਈ ਇਹ ਬਿਲ ਟਾਈਪ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ਪ੍ਰੰਤੂ ਇਹ ਬਿਲ ਟਾਈਪ ਕਰਕੇ ਉਹਨਾਂ ਨੂੰ ਪੇਸ਼ ਨਹੀਂ ਕੀਤੇ ਗਏ ਜਿਸ ਤੇ ਐਸ.ਈ.(ਬੀ ਐਂਡ ਆਰ) ਨੇ ਕਿਹਾ ਕਿ ਉਹਨਾਂ ਵਲੋਂ ਇਹ ਬਿਲ ਸੋਮਵਾਰ ਤੱਕ ਟਾਈਪ ਕਰਵਾਕੇ ਮੇਅਰ ਜੀ ਨੂੰ ਭੇਜ਼ ਦਿੱਤੇ ਜਾਣਗੇ।
- ਮਿਤੀ 6.7.2020 ਦੀ ਮੱਦ ਨੰ: 99 ਸਬੰਧੀ ਫੈਸਲਾ ਹੋਇਆ ਸੀ ਕਿ ਵਾਰਡ ਨੰ: 56,35,36,37,10,11,12,13,14,15,22, ਅਤੇ 29, ਤੇ ਮੱਦ ਨੰ: 102 ਵਿੱਚ ਵਾਰਡ ਨੰ: 32,33 ਅਤੇ 34 ਦੇ ਕੰਮਾਂ ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ ਕਿਉਂ ਜ਼ੋ ਇਹਨਾਂ ਵਾਰਡਾਂ ਦੇ ਪਿਛਲੇ ਮੇਨਟੀਨੈਂਸ ਦੇ ਕੰਮ ਦਫ਼ਤਰੀ ਰਿਪੋਰਟਾਂ ਅਨੁਸਾਰ ਅਜੇ ਤੱਕ ਮੁੰਕਮਲ ਨਹੀਂ ਹੋਏ ਜਾਂ ਠੇਕੇਦਾਰਾਂ ਵਲੋਂ ਉਹਨਾਂ ਦੇ ਅੰਤਮ ਬਿਲ ਪੇਸ਼ ਨਹੀਂ ਕੀਤੇ ਗਏ ਜਾਂ ਫਿਰ ਸਬੰਧਤ ਵਾਰਡ ਕੋਂਸਲਰ ਪਾਸੋਂ ਕੰਮ ਮੁੰਕਮਲ ਅਤੇ ਤਸੱਲੀਬਖ਼ਸ ਕੀਤੇ ਜਾਣ ਸਬੰਧੀ ਸਰਟੀਫਿਕੇਟ ਪ੍ਰਾਪਤ ਨਹੀਂ ਕੀਤੇ ਗਏ । ਜਿਹਨਾਂ ਠੇਕੇਦਾਰਾਂ ਵਲੋਂ ਤਹਿਸ਼ੁਦਾ ਸਮੇਂ ਸਿਰ ਕੰਮ ਮੁਕੰਮਲ ਨਹੀਂ ਕੀਤੇ ਗਏ ਉਹਨਾਂ ਬਾਰੇ ਬਣਦੀ ਕਾਰਵਾਈ ਅਰੰਭੀ ਜਾਵੇ ਅਤੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਕੁਲ 80 ਵਾਰਡਾਂ ਵਿੱਚੋਂ 56 ਵਾਰਡਾਂ ਦੇ ਬਿਲ ਹੀ ਫਾਈਨਲ ਹੋਏ ਹਨ ਅਤੇ 12 ਵਾਰਡਾਂ ਦੇ ਹੋਰ ਬਿਲ ਤਿਆਰ ਕੀਤੇ ਗਏ ਹਨ ਅਤੇ ਕੁਝ ਵਾਰਡਾਂ ਵਿੱਚ ਅਜੇ 60% ਤੋਂ 80% ਤੱਕ ਦਾ ਹੀ ਕੰਮ ਹੋਇਆ ਹੈ । ਬਾਕੀ ਵਾਰਡਾਂ ਦੇ ਵੀ 15 ਦਿਨਾਂ ਦੇ ਅੰਦਰ ਅੰਦਰ ਕੰਮ ਮੁਕੰਮਲ ਕਰਵਾਕੇ ਬਿਲ ਤਿਆਰ ਕਰ ਲਏ ਜਾਣਗੇ ਜਿਸ ਤੇ ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਜਿਨ੍ਹਾਂ ਵਾਰਡਾਂ ਦੇ 100% ਕੰਮ ਮੁਕੰਮਲ ਨਹੀਂ ਹੋਏ ਉਹਨਾਂ ਦੇ ਵਰਕ ਆਰਡਰ ਰੋਕ ਲਏ ਜਾਣ ।
- ਮਿਤੀ 24.7.2020 ਦੀ ਮੱਦ ਨੰ: 108 ਅਤੇ 109 ਸਬੰਧੀ ਫੈਸਲਾ ਹੋਇਆ ਸੀ ਕਿ ਇਹ ਮਿਸਲ ਘੋਖਣ ਹਿਤ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਕਮੇਟੀ ਨੂੰ ਪੇਸ਼ ਕੀਤੀ ਜਾਵੇ।ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਕਮੇਟੀ ਨੂੰ ਜਾਣੂ ਕਰਵਾਇਆ ਕਿ ਉਹਨਾਂ ਨੇ ਸ੍ਰੀ ਹਰਮੇਸ਼ ਲਾਲ, ਕਾ:ਇੰ: ਨੂੰ ਫੋਨ ਕੀਤਾ ਸੀ ਤਾਂ ਉਹਨਾਂ

ਕਿਹਾ ਕਿ ਇਹ ਇਲਾਕਾ ਉਹਨਾਂ ਪਾਸ ਨਹੀਂ ਹੈ ਅਤੇ ਸ੍ਰੀ ਗੁਰਚੈਣ ਸਿੰਘ, ਕਾ:ਇੰ: ਪਾਸ ਹੈ ਅਤੇ ਸ੍ਰੀ ਗੁਰਚੈਣ ਸਿੰਘ, ਕਾ:ਇੰ: ਨੇ ਉਹਨਾਂ ਦਾ ਫੋਨ ਨਹੀਂ ਚੁੱਕਿਆ । ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਇਹ ਦੋਵੇਂ ਮੱਦਾਂ ਦੇ ਟੈਂਡਰ ਉਹ ਹਨ ਜਿਹੜੇ ਕਿ ਇਸ ਐਸ.ਟੀ.ਪੀ. ਦੀ ਮੇਨਟੀਨੈਂਸ ਦੇ ਪਿਛਲੇ ਠੇਕੇਦਾਰ ਵਲੋਂ ਡਿਸਕਰੀਪੈਂਸੀ ਕੀਤੀ ਗਈ ਹੈ ਅਤੇ ਇਕਰਾਰਨਾਮੇ ਅਨੁਸਾਰ ਉਸੇ ਅਜੰਸੀ ਨੇ ਇਹ ਡਿਸਕਰੀਪੈਂਸੀ ਦੂਰ ਕਰਨੀ ਸੀ । ਅਸੀਂ ਪਿਛਲੀ ਅਜੰਸੀ ਨੂੰ 3-4 ਨੋਟਿਸ ਵੀ ਕੱਢੇ ਸਨ ਅਤੇ ਫਿਰ ਡੀ.ਸੀ.ਐਫ.ਏ. ਦੀ ਰਾਏ ਲਈ ਗਈ ਤਾਂ ਉਹਨਾਂ ਰਾਏ ਦਿੱਤੀ ਸੀ ਕਿ ਇੱਕ ਵਾਰ 15 ਦਿਨਾਂ ਦਾ ਨੋਟਿਸ ਦਿੱਤਾ ਜਾਵੇ ਅਤੇ ਜੇਕਰ ਫਿਰ ਵੀ ਅਜੰਸੀ ਇਹ ਕੰਮ ਨਹੀਂ ਕਰਦੀ ਤਾਂ ਇਕਰਾਰਨਾਮੇ ਅਨੁਸਾਰ ਨਵਾਂ ਟੈਂਡਰ ਪਿਛਲੀ ਅਜੰਸੀ ਦੇ ਰਿਸਕ ਐਂਡ ਕਾਸਟ ਤੇ ਲਗਾ ਕੇ ਕਰਵਾ ਲਿਆ ਜਾਵੇ । ਉਸੇ ਅਨੁਸਾਰ ਅਸੀਂ ਪਿਛਲੀ ਅਜੰਸੀ ਦੇ ਬਿਲ ਵਿੱਚੋਂ ਇਸ ਖ਼ਰਚੇ ਦੀ ਕਟੌਤੀ ਕਰ ਕੇ ਇਹ ਟੈਂਡਰ ਲਗਾਏ ਹਨ । ਫੈਸਲਾ ਹੋਇਆ ਕਿ ਸੋਮਵਾਰ ਇਹ ਦੋਵੇਂ ਮਿਸਲਾਂ ਦੀ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਨਾਲ ਲੈ ਕੇ ਮੇਅਰ ਜੀ ਦੇ ਦਫ਼ਤਰ ਪੜਤਾਲ ਕੀਤੀ ਜਾਵੇਗੀ ਅਤੇ ਉਸ ਉਪਰੰਤ ਹੀ ਇਹਨਾਂ ਟੈਂਡਰਾਂ ਤੇ ਕੋਈ ਫੈਸਲਾ ਲਿਆ ਜਾਵੇਗਾ ।

- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.7.2020

| ਮਤਾ ਨੰਬਰ | ਵਿਸ਼ਾ | ਫੈਸਲਾ |
|---|---|---|
| 121 | (ਹੇਠਾਂ ਸਾਰਣੀ ਵੇਖੋ) | ਪ੍ਰਵਾਨ ਹੈ । |

| Sr. No. | Name of Work | Est. Amt. | Saving %age | Tender Amt. | Name of Agency |
|---|---|---|---|---|---|
| 1 | ਲੇਈਂਗ ਆਫ ਸੀਵਰ ਲਾਈਨ ਇਨ ਡਿਫਰੈਂਟ ਏਰੀਆ ਆਫ ਵਾਰਡ ਨੰ: 7 | 4.53 | 5.50% | 4.28 | ਮੈਸਰਜ਼ ਜਤਿਨ ਸੁਰਮਾ |
| 2 | ਸਤਲੁਜ਼ ਬਸ ਸਰਵਿਸ ਸਟੇਸ਼ਨ ਤੋਂ ਲੈ ਕੇ ਹੋਟਲ ਗਰੈਂਡ ਲਾਗੇ ਬਸ ਸਟੈਂਡ ਤੱਕ ਸੀਵਰ ਲਾਈਨ ਪਾਉਣ ਬਾਰੇ । ਵਾਰਡ ਨੰ: 21 | 2.20 | 3% | 2.13 | ਸ੍ਰੀ ਅਸ਼ਵਨੀ ਕੁਮਾਰ ਕਾਲੀਆ, ਠੇਕੇਦਾਰ |
| 3 | ਲੇਈਂਗ ਆਫ 3" ਜੀ.ਆਈ. ਪਾਈਪ ਐਟ ਐਸ.ਟੀ.ਪੀ. ਬਸਤੀ ਪੀਰ ਦਾਦ । | 2.08 | 1.25% | 2.06 | ਮੈਸਰਸ਼ ਸਰੀਨ ਕੰਟਰੈਕਟਰ, ਠੇਕੇਦਾਰ |
| 4 | ਲੇਈਂਗ ਆਫ 2" ਡਾਇਆ ਵਾਟਰ ਸਪਲਾਈ ਜੀ.ਆਈ. ਲਾਈਨ ਇਨ ਸੈਂਟਰਲ ਟਾਊਨ, ਨਿਅਰ ਮਨਮੋਹਨ ਕਾਲੀਆ ਪਾਰਕ | 1.73 | 1.25% | 1.71 | ਮੈਸਰਸ਼ ਸਰੀਨ ਕੰਟਰੈਕਟਰ, ਠੇਕੇਦਾਰ |
| 5 | ਲੇਈਂਗ ਆਫ 2" ਡਾਇਆ ਵਾਟਰ ਸਲਪਾਈ ਜੀ.ਆਈ. ਲਾਈਨ ਐਟ ਕੰਨਿਆਵਾਲੀ, ਗਲੀ ਨੰ: 5 ਅਤੇ 6 | 0.90 | 1.25% | 0.89 | ਮੈਸਰਸ਼ ਸਰੀਨ ਕੰਟਰੈਕਟਰ, ਠੇਕੇਦਾਰ |
| 6 | ਬਰਲਟਨ ਪਾਰਕ ਦੇ ਸਾਹਮਣੇ ਅਤੇ ਡੀ.ਏ.ਵੀ. ਫਲਾਈਓਵਰ ਦੇ ਹੇਠਾਂ ਬਨਾਏ ਗਏ ਪਬਲਿਕ ਟਾਇਲੈਟ ਲਈ ਨਵੀਂ ਸੀਵਰ ਲਾਈਨ ਪਾਉਣ ਬਾਰੇ । | 1.65 | 1.10% | 1.63 | ਮੈਸਰਜ਼ ਜੁਆਏ ਬਿਲਡਰਜ਼, ਜਲੰਧਰ |

| ਮਤਾ ਨੰਬਰ | ਵਿਸ਼ਾ | ਫੈਸਲਾ |
|---|---|---|
| 122 | ਵਿਸ਼ਾ:-ਓ.ਐਂਡ.ਐਮ ਸ਼ਾਖਾ ਦੇ ਵੱਖ-ਵੱਖ ਜੋਨਾਂ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਨਾਲ ਸਬੰਧਤ ਰੱਖ ਰੱਖਾਵ ਦੇ ਸਲਾਨਾ ਤਖਮੀਨਿਆਂ ਦੇ ਟੈਂਡਰਾਂ ਨੂੰ ਪ੍ਰਵਾਨ ਕਰਨ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ। | ਪ੍ਰਵਾਨ ਹੈ । |

| S. No | Zone No | Name of work | Tender Calling Amount | Name of Agency |
|---|---|---|---|---|
| 1 | 7 | AMC for sewer & W/S system w. 65,66 | 700000 | Swran Singh Cont. |
| 2 | 1 | AMC for sewer & W/S system w 53,54,55 | 1050000 | Swran Singh Cont. |
| 3 | 3 | AMC for sewer & W/S system w 7,8,9 | 1050000 | Varinder Kumar Cont. |
| 4 | 7 | AMC for sewer & W/S system w 47,48,49 | 1050000 | Jagtar Sing Cont. |
| 5 | 4 | AMC for sewer & W/S system w 41,42,43 | 1050000 | Inderpal Singh Govt. Cont. |
| 6 | 2 | AMC for sewer & W/S system w 1,2,3 | 1050000 | MK Industries |
| 7 | 2 | AMC for sewer & W/S system w 60,79,80 | 1050000 | MK Industries |
| 8 | 2 | AMC for sewer & W/S system w 61,62,63 | 1050000 | MK Industries |

123 ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency |
|---|---|---|---|---|---|---|---|
| 1 | 42 | Const. of CC streets in Chandigarh Mohalla | 14.80 | 14.65 | 18.50% | 11.94 | The Majhail Co.op L/C Society |
| 2 | 01 | P/L 80mm Thick interlocking Tiles at Sant Vihar **(UEIP Ph-II Grant)** | 27.99 | 27.99 | 16.16% | 23.47 | Vikas Gambhir |
| 3 | 44 | Const. of CC streets near Govt. Girls School | 24.00 | 24.00 | 2.10% | 23.50 | Parminder Singh |
| 4 | 44 | Const. of CC streets in Janak Nagar | 35.10 | 35.10 | 2.10% | 34.36 | Parminder Singh |

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
31.7.2020